# ਸੂਹੇ ਰੰਗਾਂ ਦਾ ਆਸ਼ਕ, ਸਭਨਾਂ ਦਾ ਗੁਰਸ਼ਰਨ ਸਿੰਘ ਭਾ ਜੀ

*ਅਤਰਜੀਤ*

ਸੁਹਣੀ ਡੋਰ ਪਾ ਕੇ ਚੜ੍ਹਾਈ ਦਾੜ੍ਹੀ, ਗੋਰਾ ਨਿਛੁਹ ਰੰਗ, ਉੱਚਾ ਲੰਮਾ ਕੱਦ, ਮੋਢੇ ਥੋੜ੍ਹਾ ਕੁ ਅੱਗੇ ਵੱਲ ਝੁਕੇ ਹੋਏ, ਬਿੱਲੀਆਂ ਅੱਖਾਂ ਵਿਚ ਬਿਜਲੀ ਜਿਹੀ ਚਮਕ, ਪਤਾ ਨਹੀਂ ਪਹਿਲੀ ਵਾਰ 35-40 ਨੂੰ ਢੁੱਕਿਆ ਗੱਭਰੂ ਕਿੱਥੇ ਵੇਖਿਆ ਸੀ। ਸੱਤਰਵਿਆਂ ਦਾ ਦਹਾਕਾ ਜਿਥੇ ਭਾਰਤ ਦੀ ਇਨਕਲਾਬੀ ਰਾਜਨੀਤਕ ਫਿਜ਼ਾ ਵਿਚ ਤੂਫਾਨ ਬਣ ਕੇ ਆਇਆ ਉਥੇ ਸਾਹਿਤ, ਕਲਾ ਅਤੇ ਕ੍ਰਾਂਤੀਕਾਰੀ ਸੱਭਿਆਚਾਰ ਦੀਆਂ ਥਾਂ ਪੁਰ ਥਾਂ ਮਸਾਲਾਂ ਬਾਲ ਗਿਆ। ਉਨ੍ਹਾਂ ਦਿਨਾਂ ਵਿਚ ਹੀ ਪਿੰਡਾਂ ਦੀਆਂ ਸੱਥਾਂ ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦਾ ਨਾਂ ਗੂੰਜ ਉਠਿਆ। ਇਹ ਉਹ ਸਮਾਂ ਸੀ ਜਦੋਂ ਲੋਕ ਪੱਖੀ ਸਟੇਜ ਉਪਰ ਸਾਡੇ ਕਾਮਰੇਡ ਭਰਾ ਕਿਸੇ ਮੁੰਡੇ ਨੂੰ ਹੀ ਕੁੜੀ ਵਾਲੇ ਕੱਪੜੇ ਪਹਿਨਾ ਕੇ ਕੰਮ ਚਲਾਉਂਦੇ ਆ ਰਹੇ ਸਨ। ਮੇਰੇ ਗਿਆਨ ਅਨੁਸਾਰ ਗੁਰਸ਼ਰਨ ਸਿੰਘ ਭਾਅ ਜੀ ਨੇ ਪਿੰਡਾ ਦੇ ਵਿਹੜਿਆਂ ਦੀਆਂ ਸਟੇਜਾਂ ਉਪਰ ਪਹਿਲੀ ਵਾਰ ਇਸਤਰੀ ਪਾਤਰ ਦੀ ਪੇਸ਼ਕਾਰੀ ਲਿਆਂਦੀ।

ਸੱਠਵਿਆਂ ਦੇ ਦਹਾਕੇ ਦੌਰਾਨ ਜਦੋਂ ਮੈਂ ਪ੍ਰੀਤਲੜੀ ਦਾ ਪਾਠਕ ਬਣਿਆ ਤਾਂ ਪਰਚੇ ਵਿਚ ਭਾਈ ਮੰਨਾ ਸਿੰਘ ਨਾਂ ਦਾ ਸਥਾਈ ਨਾਟਕੀ ਵਿਅੰਗ ਕਾਲਮ ਹੁੰਦਾ ਸੀ। ਦੇਰ ਨਾ ਪਤਾ ਲੱਗਿਆ ਕਿ ਇਸ ਨਾਟਕ ਕਾਲਮ ਦੇ ਲੇਖਕ ਇਹੋ ਭਾਅ ਜੀ ਸਨ। ਉਦੋਂ ਮੈਂ ਨਾ ਤਾਂ ਚੰਗਾ ਲਿਖਣ ਲੱਗਿਆ ਸੀ ਤੇ ਨਾ ਹੀ ਅਜੇ ਸਾਹਿਤ ਦੀ ਬਹੁਤੀ ਪਕੜ ਸੀ, ਪਰ ਗੁਰਦੁਆਰਾ ਸਿਆਸਤ 'ਚੋਂ ਨਵਾਂ ਨਵਾਂ ਨਿਕਲਿਆ ਹੋਣ ਕਰਕੇ ਉਹ ਕੁਝ ਚੰਗਾ ਚੰਗਾ ਲਗਦਾ। ਉਨ੍ਹਾ ਵਿਅੰਗ ਨਾਟਕਾਂ ਵਿਚ ਸਥਿਤੀ ਉਪਰ ਬਹੁਤ ਵੱਡਾ ਕਟਾਖਸ਼ ਹੁੰਦਾ ਸੀ।

1967 ਵਿਚ ਜਦੋਂ ਨਕਸਲਬਾੜੀ ਤੋਂ ਇਕ ਚੰਗਿਆੜੀ ਮਘੀ ਜਿਸਨੇ ਤਕਰੀਬਨ ਸਾਰੇ ਹੀ ਭਾਰਤ ਨੂੰ ਇਕ ਵਾਰ ਤੇਜ਼ੀ ਨਾਲ ਕਲਾਵੇ ਵਿਚ ਲੈ ਲਿਆ, ਉਦੋਂ ਸਾਹਿਤਕ ਹਲਕਿਆਂ ਵਿਚ ਇਕ ਨਾਮ ਬੜੇ ਹੀ ਸਤਿਕਾਰ ਨਾ ਲਿਆ ਜਾਣ ਲੱਗਿਆ-ਉਹ ਸੀ ਭਾਅ ਜੀ ਗੁਰਸ਼ਰਨ ਸਿੰਘ। ਅਮਰਜੀਤ ਚੰਦਨ ਉਨ੍ਹਾਂ ਦੇ ਦਫ਼ਤਰ ਵਿਚੋਂ ਫੜਿਆ ਗਿਆ ਸੀ ਤਾਂ ਉਦੋਂ ਭਾਅ ਜੀ ਨੂੰ ਗ੍ਰਿਫਤਾਰ ਕਰਨ ਲੱਗੇ ਪੁਲਿਸ ਅਧਿਕਾਰੀ ਨੂੰ ਭਾਅ ਜੀ ਨੇ ਭੜਕ ਕੇ ਕਿਹਾ ਸੀ-"ਤੇਰਾ ਰੁਤਬਾ ਮੇਰੀ ਗ੍ਰਿਫਤਾਰੀ ਕਰਨ ਦੇ ਅਨਕੂਲ ਨਹੀਂ।"

ਭਾਅ ਜੀ ਨੂੰ ਉੱਚ ਅਧਿਕਾਰੀ ਗ੍ਰਿਫਤਾਰ ਕਰਦੇ ਰਹੇ। ਕਈ ਵਾਰ ਭਾਅ ਜੀ ਨੇ ਜੇਲ੍ਹ ਯਾਤਰਾ ਕੀਤੀ-ਮੁਅੱਤਲ ਹੋਏ। ਜੇਲ੍ਹ 'ਚ ਬਾਹਰ ਆਏ ਤਾਂ ਮੁਅੱਤਲੀ ਦਾ ਸਮਾਂ ਪਿੰਡਾ ਦੀਆਂ ਸੱਥਾਂ ਦੇ ਲੇਖੇ ਲਾਇਆ। ਦਿਨ ਵਿਚ ਕਈ ਵਾਰ ਦੋ-ਦੋ ਤਿੰਨ-ਤਿੰਨ ਪ੍ਰੋਗਰਾਮ ਵੀ ਦਿੱਤੇ। ਸਿਦਕਵਾਨ ਸਟੇਜ ਦਾ ਉਹ ਯੋਧਾ ਅਣਥੱਕ ਭਾਵਨਾ ਨਾਲ ਲਗਾਤਾਰ ਨਾਟਕ ਨਾਲ ਜੁੜਿਆ ਆ ਰਿਹਾ ਹੈ, ਮੜਕ ਨਾਲ ਸਟੇਜ 'ਤੇ ਗੂੰਜ ਪਾਉਂਦਾ। ਉਦੋਂ ਵੀ ਜਦੋਂ ਲੱਤਾਂ ਜਵਾਬ ਦੇ ਗਈਆਂ-ਦੋ ਜਾਣੇ ਫੜ ਕੇ ਤੋਰਨ ਲੱਗੇ। ਉਦੋਂ ਵੀ ਜਦੋਂ ਸਹਾਰੇ ਨਾਲ ਕਦਮ ਪੁੱਟਣਾ ਕਠਿਨ ਹੋਇਆ ਤੇ ਪਹੀਆਂ ਵਾਲੀ ਕੁਰਸੀ ਭਾਅ ਜੀ ਦਾ ਗਹਿਣਾ ਬਣ ਗਈ।

1971-72 ਦੀ ਗੱਲ ਹੈ। ਯੂਨੀਅਨ, ਨੌਜਵਾਨ ਭਾਰਤ ਸਭਾ ਅਤੇ ਵਾਹੀਕਾਰਾ ਯੂਨੀਅਨ ਦੀ ਪੂਰੀ ਚੜ੍ਹਾਈ ਸੀ। ਚਾਰੂਵਾਦੀਏ ਤਾਂ ਜਨਤਕ ਲਾਈਨ ਨੂੰ ਮੁੱਢੋ ਸੁੱਢੋ ਨਕਾਰ ਕੇ ਗੁਰੀਲਾ ਯੁੱਧ ਤੇਜ਼ ਕਰੋ ਦੇ ਰਾਹ ਪਏ ਹੋਏ ਸਨ ਤੇ ਜਨਤਕ ਲਾਈਨ ਨੂੰ ਬੇਦਾਵੀਆਂ ਦੀ ਲਾਈਨ ਕਹਿ ਰਹੇ ਸਨ। ਅਸੀਂ ਮੇਰੇ ਪਿੰਡ ਮੰਡੀ ਕਲਾਂ ਵਿਖੇ ਨੌਜਵਾਨ ਭਾਰਤ ਸਭਾ ਦੇ ਝੰਡੇ ਹੇਠ ਭਾਅ ਜੀ ਦੀ ਟੀਮ ਤੋਂ ਨਾਟਕ ਕਰਵਾਏ। ਹਰਭਜਨ ਜੱਬਲ, ਜਤਿੰਦਰ ਗੰਭੀਰ, ਲੋਕ ਨਾਥ ਜਿਹੇ ਵੱਡੇ ਕਲਾਕਾਰ ਉਨ੍ਹਾਂ ਦੀ ਟੀਮ ਵਿਚ ਸਨ। 'ਜਦੋਂ ਰੋਸ਼ਨੀ ਹੁੰਦੀ ਹੈ'ਨਾਟਕ ਦੀ ਪੇਸ਼ਕਾਰੀ ਕਰਨੀ ਸੀ ਪਰ ਇਕ ਪਾਤਰ ਜਿਸ ਨੇ ਸਿਪਾਹੀ ਦੀ ਭੂਮਿਕਾ ਅਦਾ ਕਰਨੀ ਸੀ, ਟੀਮ ਨਾਲ ਨਹੀਂ ਸੀ ਪਹੁੰਚਿਆ। ਭਾਅ ਜੀ ਨੇ ਮੈਨੂੰ ਸਟੇਜ ਦੇ ਪਿਛਲੇ ਪਾਸੇ ਬੁਲਾਇਆ। ਦੋ ਚਾਰ ਗੱਲਾਂ ਦੱਸੀਆਂ ਤੇ ਮੈਨੂੰ ਸਿਪਾਹੀ ਵਾਲੇ ਕੱਪੜੇ ਪੁਆ ਕੇ ਸਟੇਜ ਉਪਰ ਭੇਜ ਦਿੱਤਾ। ਸਿਪਾਹੀ ਨੇ ਔਰਤ (ਜਤਿੰਦਰ ਗੰਭੀਰ) ਨੂੰ ਧੱਕਾ ਦੇਣਾ ਸੀ-ਡੌਲੇ ਤੋਂ ਫੜ ਕੇ ਇਕ ਪਾਸੇ ਧੱਕਣਾ ਸੀ ਤੇ ਕੁਝ ਵਾਰਤਾਲਾਪ ਬੋਲਣੇ ਸਨ। ਮੈਂ ਮਿੱਥੇ ਵਾਰਤਾਲਾਪਾਂ ਤੋਂ ਅਗਾਂਹ ਲੰਘ ਗਿਆ ਤਾਂ ਭਾਅ ਜੀ ਨੇ ਪਰਦੇ ਦੇ ਪਿਛੋਂ ਹੀ ਸ਼ਾਨਦਾਰ ਢੰਗ ਨਾਲ ਸਥਿਤੀ ਨੂੰ ਸੰਭਾਲਦਿਆਂ ਮੇਰੀ ਭੂਮਿਕਾ ਨੂੰ ਹੋਰ ਨਿਖਾਰ ਦਿੱਤਾ। ਭਾਅ ਜੀ ਨੂੰ ਛੱਡ ਕੇ ਕਿਸੇ ਨੂੰ ਪਤਾ ਹੀ ਨਹੀਂ ਲੱਗਣ ਦਿੱਤਾ ਕਿ ਮੈਂ ਵਧਵੀਂ ਭੂਮਿਕਾ ਕਰ ਗਿਆ ਹਾਂ। ਮੇਰੇ ਆਪ ਬਣੇ ਵਾਰਤਾਲਾਪ ਸਥਿਤੀ ਨੂੰ ਉਲਝਾ ਸਕਦੇ ਸਨ।

ਪਿੰਡ ਰਾਮਣਵਾਸ (ਬਠਿੰਡਾ) ਜਦ 'ਕਿਵ ਕੂੜੈ ਤੁਟੈ ਪਾਲਿ' ਨਾਟਕ ਹੋ ਰਿਹਾ ਸੀ ਤਾਂ ਮੈਂ ਦਰਸ਼ਕਾਂ ਵਿਚੋਂ ਇਕ ਕਿਸਾਨ ਦੀ ਹਾਲਤ ਵੇਖ ਕੇ ਅਸਚਰਜ ਹੀ ਰਹਿ ਗਿਆ ਸਾਂ। ਉਹ ਗੱਲ ਮੈਨੂੰ ਕਦੀ ਵੀ ਨਹੀਂ ਭੁੱਲਦੀ। ਕਿਸਾਨ ਜ਼ਾਰੋ-ਜਾਰ ਰੋ ਰਿਹਾ ਸੀ। ਉਸ ਦੀਆਂ ਅੱਖਾਂ ਵਿਚੋਂ ਪਰਲ-ਪਰਲ ਹੰਝੂ ਵਹਿ ਰਹੇ ਸਨ। ਨਾਟਕ ਦੀ ਵਥ ਤੇ ਪੇਸ਼ਕਾਰੀ ਦਾ ਇਨ੍ਹਾਂ ਸੁਮੇਲ ਸੀ ਕਿ ਪੰਡਾਲ 'ਚ ਬੈਠੇ ਦਰਸ਼ਕਾਂ ਵਿਚ ਹੰਝੂਆਂ ਦਾ ਹੜ੍ਹ ਵਗ ਰਿਹਾ ਸੀ। ਥੋੜ੍ਹਾ ਦ੍ਰਿਸ਼ ਬਦਲਿਆ ਤੇ ਸਥਿਤੀ ਕੁਝ ਹਾਸਮਈ ਬਣੀ ਤਾਂ ਜਿਸ ਬੰਦੇ ਉਪਰ ਮੇਰੀ ਨਿਗਾਹ ਕੇਂਦਰਤ ਹੋਈ ਹੋਈ ਸੀ-ਉਹ ਵਹਿੰਦੇ ਅੱਥਰੂਆਂ ਸਮੇਤ ਖਿੜ ਖਿੜਾ ਕੇ ਹੱਸ ਰਿਹਾ ਸੀ। ਇਕੋ ਸਮੇਂ ਦੋ ਰੰਗ ਮੇਰੇ ਲਈ ਅਚੰਭਾਜਨਕ ਸਨ ਜੋ ਅੱਜ ਵੀ

ਅਚੰਭਾਜਨਕ ਹਨ। ਇਹ ਕਲਾ ਦੀ ਮਹਾਨਤਾ ਹੀ ਸੀ। ਚਾਹੇ ਕੁਝ ਵੀ ਸੀ ਮੈਂ ਗੁਰਸ਼ਰਨ ਸਿੰਘ ਭਾਅ ਜੀ ਦੀ ਮਹਾਨਤਾ ਨੂੰ ਸਵੀਕਾਰ ਕਰ ਲਿਆ।

ਕੁਝ ਲੋਕ ਅਜਿਹੇ ਵੀ ਸਨ ਜੋ ਭਾਅ ਜੀ ਨੂੰ ਕਲਾਕਾਰ ਨਾਲੋਂ ਭਾਸ਼ਨਕਾਰ ਜਾਂ ਪ੍ਰਚਾਰਕ ਵੱਧ ਮੰਨਦੇ ਸਨ। ਇਸ ਦਾ ਜਵਾਬ ਭਾਅ ਜੀ ਨੇ ਬੜੇ ਹੀ ਅੰਦਾਜ਼ ਵਿਚ ਆਪਣੇ ਹੀ ਢੰਗ ਨਾਲ ਦਿੱਤਾ। ਭਾਅ ਜੀ ਅੱਜ ਵੀ ਸਮਝਦੇ ਹਨ ਕਿ ਪਿੰਡਾਂ ਦੇ ਸਿੱਧੇ ਸਾਦੇ ਕਿਰਤੀ-ਕਾਮਿਆਂ, ਕਿਸਾਨਾਂ-ਮਜ਼ਦੂਰਾਂ ਨੇ ਉਹ ਕਲਾ ਕੀ ਕਰਨੀ ਹੈ ਜੋ ਉਨ੍ਹਾਂ ਦੇ ਦੁੱਖਾਂ ਦਰਦਾਂ ਦੀ ਗੱਲ ਹੀ ਨਹੀਂ ਕਰਦੀ ? ਭਾਅ ਜੀ ਨੂੰ ਕਿਸੇ ਤਰ੍ਹਾਂ ਦੇ ਰੂਪ ਸਜਾ ਜਾਂ ਹੋਰ ਕਲਾਤਮਕ ਅੰਡਬਰ ਦੀ ਜ਼ਰੂਰਤ ਨਹੀਂ। ਉਹ ਆਪਣੇ ਕਲਾਕਾਰਾਂ ਨੂੰ ਦੋ ਗੱਡੇ ਜੋੜ ਕੇ ਵੀ ਉਪਰ ਚੜ੍ਹਾ ਦਿੰਦੇ ਰਹੇ। ਜੇ ਬਿਜਲੀ ਨਹੀਂ ਤਾਂ ਮਿੱਟੀ ਦੇ ਤੇਲ ਨਾ ਜਲਣ ਵਾਲੇ ਗੈਸ ਲੰਪ ਸਹੀ, ਨਹੀਂ ਤਾਂ ਸਾਧਾਰਨ ਲਾਲਟੈਣਾਂ ਨਾਲ ਵੀ ਕੰਮ ਸਾਰਦੇ ਰਹੇ। ਉਹ ਸਮਝਦੇ ਹਨ ਕਿ ਕਿਰਤੀ ਕਾਮਿਆਂ ਨੂੰ ਆਪਣੀ ਜ਼ਿੰਦਗੀ ਸੁਹਣੀ ਬਣਾਉਣ ਦਾ ਸੁਪਨਾ ਲੈਣਾ ਚਾਹੀਦਾ ਹੈ। ਇਹ ਸੁਪਨਾ ਉਹ ਤਦ ਲੈਣ ਲੱਗਣਗੇ ਜੇਕਰ ਉਹ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣਗੇ। ਉਨ੍ਹਾਂ ਨੂੰ ਜਾਗਰੂਕ ਕਰਨ ਲਈ ਉਨ੍ਹਾਂ ਦੇ ਸਾਦਾ ਸੁਭਾਅ ਵਾਂਗ ਸਾਦੇ ਢੰਗ ਹੀ ਸੁਨੇਹਾ ਦਿੱਤਾ ਜਾਵੇ।

ਸੱਤਰਵਿਆਂ ਦੇ ਆਰੰਭ ਵਿਚ ਉਨ੍ਹਾਂ ਨੇ ਸਰਦਲ ਨਾਂ ਦਾ ਪਰਚਾ ਆਰੰਭ ਕੀਤਾ। ਫਿਰ ਕੁਝ ਸਮਾਂ ਸਮਤਾ ਵੀ ਕਢਦੇ ਰਹੇ। ਮੈਂ ਭਾਵੇਂ ਸੱਠਵਿਆਂ ਵਿਚ ਕਲਮ ਝਰੀਟਣ ਲੱਗ ਪਿਆ ਸਾਂ ਪਰ ਜੋ ਵੀ ਰਚਨਾ ਮੈਂ ਕਿਸੇ ਮੈਗਜ਼ੀਨ ਨੂੰ ਭੇਜਦਾ, ਇਕ ਪਰਚੀ ਨੱਥੀ ਹੋ ਕੇ ਵਾਪਸ ਆ ਜਾਂਦੀ-"ਛਾਪਣ ਦੀ ਖੁਸ਼ੀ ਨਹੀਂ ਲੈ ਸਕਦੇ। ਵਾਪਸ ਭੇਜੀ ਜਾ ਰਹੀ ਹੈ ਤਾਂ ਜੋ ਕਿਧਰੇ ਹੋਰ ਕੰਮ ਆ ਸਕੇ।" ਦਿਲ ਬੜਾ ਦੁੱਖੀ ਹੁੰਦਾ। ਉਦੋਂ ਮੈਂ ਮੌੜ ਮੰਡੀ ਰਹਿੰਦਾ ਸਾਂ। ਮੇਰੇ ਕੋਲ ਕਈ ਕਾਮਰੇਡ ਰਾਤ ਰਹਿਣ ਲਈ ਆਉਂਦੇ ਤਾਂ ਭਾਅ ਜੀ ਦੇ ਪਰਚੇ ਦੀ ਜਾਂ ਭਾਅ ਜੀ ਦੀ ਨਾਟਕ ਮੰਡਲੀ ਦੀ ਵੀ ਗੱਲ ਛਿੜ ਪੈਂਦੀ। ਕਦੀ ਕਦਾਈ ਮੈਂ ਕਵਿਤਾ ਨੂੰ ਵੀ ਮੂੰਹ ਮਾਰ ਲੈਂਦਾ ਸਾਂ। ਮੈਂ ਇਕ ਕਵਿਤਾ ਸਰਦਲ ਲਈ ਭੇਜ ਦਿੱਤੀ ਜੋ ਉਸੇ ਅੰਕ ਵਿਚ ਛਪ ਗਈ। 1972 ਦੀ ਹਿੰਦ ਪਾਕਿ ਜੰਗ ਦੇ ਦੂਰ-ਪ੍ਰਭਾਵ ਨੂੰ ਬਿਆਨ ਕਰਦੀ ਕਹਾਣੀ ਸਰਹੱਦ ਦੇ ਆਰ ਪਾਰ ਸਰਦਲ ਲਈ ਭੇਜ ਦਿੱਤੀ। ਉਹ ਵੀ ਉਸੇ ਮਹੀਨੇ ਦੇ ਅੰਕ ਵਿਚ ਛਪ ਗਈ। ਸਰਦਲ ਮੇਰੀ ਜ਼ਿੰਦਗੀ ਦਾ ਪਹਿਲਾ ਮੈਗਜ਼ੀਨ ਸੀ ਜਿਸਨੇ ਮੇਰੇ ਲਈ ਬੰਦ ਪਈ ਸਾਹਿਤ ਦੀ ਹਵੇਲੀ ਦਾ ਢੋਇਆ ਹੋਇਆ ਬੂਹਾ ਖੋਲ੍ਹ ਕੇ ਦਹਿਲੀਜ਼ ਤੇ ਪੈਰ ਰੱਖਣਯੋਗ ਬਣਾਇਆ। ਨਿੱਜੀ ਤੌਰ 'ਤੇ ਮੈਂ ਉਨ੍ਹਾਂ ਦਾ ਹਮੇਸ਼ਾ ਸ਼ੁਕਰ ਗੁਜ਼ਾਰ ਰਹਾਂਗਾ। ਇਥੇ ਹੀ ਬਸ ਨਹੀਂ। ਨਕਸਬਾੜੀ ਜਿੰਦਾਬਾਦ ਦੇ ਪ੍ਰਭਾਵ ਨਾਲ ਪੰਜਾਬੀ ਵਿਚ ਬੜੇ ਪਰਚੇ ਜਾਰੀ ਹੋਏ। ਹਰੇਕ ਪਰਚੇ ਵਿਚ ਹੀ ਮੇਰੀ ਕੋਈ ਨਾ ਕੋਈ ਰਚਨਾ ਛਪਣੀ। ਮੈਨੂੰ ਯਾਦ ਹੈ ਕਿ ਕਾਲਾ ਸੰਘਿਆ ਜ਼ਿਲ੍ਹਾ ਕਪੂਰਥਲਾ ਵਿਖੇ ਭਾਅ ਜੀ ਦੇ ਨਾਟਕਾਂ ਦਾ ਪ੍ਰਗਰਾਮ ਸੀ ਮੈਨੂੰ ਵੀ ਕਵਿਤਾ ਬੋਲਣ ਲਈ ਸੱਦਿਆ ਗਿਆ ਸੀ। ਜਦ ਮੈਂ ਕਵਿਤਾ ਬੋਲ ਕੇ ਸਟੇਜ ਤੋਂ ਉਤਰਿਆ ਤਾਂ ਭਾਅ ਜੀ ਮੇਰੀ ਬਾਂਹ ਫੜਕੇ

ਇਕ ਪਾਸੇ ਲੈ ਗਏ।

"ਤੂੰ ਜੋ ਕਹਾਣੀ ਲਿਖ ਰਿਹੈ, ਠੀਕ ਲਿਖ ਰਿਹੈ, ਲੋਕਾਂ ਦੀ ਕਹਾਣੀ ਲਿਖ ਰਿਹੈ। ਤੈਨੂੰ ਪਤਾ ਏ ਨਾ ਬਈ ਮੈਂ ਬਲਰਾਜ ਸਾਹਨੀ ਘਰੇਲੂ ਪੁਸਤਕਾਲਾ ਸ਼ੁਰੂ ਕੀਤਾ ਹੋਇਐ। ਤੂੰ ਮੈਨੂੰ ਦਸ ਪੰਦਰਾਂ ਕਹਾਣੀਆਂ ਭੇਜ ਮੈਂ ਤੇਰੀ ਕਿਤਾਬ ਛਾਪਾਂਗਾ।" ਅੰਨ੍ਹੇ ਲਈ ਦੋ ਨੈਣ ਲੈ ਕੇ ਬਹੁੜੇ ਭਾਅ ਜੀ ਗੁਰਸ਼ਰਨ ਸਿੰਘ। ਉਨ੍ਹਾਂ ਨੇ ਮੇਰੀ ਪਹਿਲੀ ਪੁਸਤਕ 'ਮਾਸ ਖੋਰੇ' ਛਾਪ ਕੇ ਖਾਲਸਾ ਕਾਲਜ ਅੰਮ੍ਰਿਤਸਰ ਨਜ਼ਦੀਕ ਆਪਣੇ ਘਰ ਬੁਲਾ ਕੇ ਰਾਇਲਟੀ ਵਜੋਂ ਬਹੁਤ ਸਾਰੀਆਂ ਕਿਤਾਬਾਂ ਵੀ ਦੇ ਦਿੱਤੀਆਂ। ਕਿਸੇ ਔਰਤ ਦੇ ਘਰ ਪੁੱਤ ਜੰਮੇ ਜਿੰਨੀ ਖੁਸ਼ੀ ਨਾਲ ਝੋਲੀ ਭਰ ਕੇ ਮੈਂ ਵਾਪਸ ਆਇਆ। ਪੁਸਤਕ ਐਨੀ ਸੁਹਣੀ ਛਪੀ ਕਿ ਉਸਦਾ ਮੁੱਖ ਕਵਰ ਹੀ ਅਜੇ ਤੱਕ ਅੱਖਾਂ ਮੂਹਰੇ ਛਾਇਆ ਪਿਆ ਹੈ। ਹੋਰ ਪਤਾ ਨਹੀਂ ਕਿੰਨੇ ਕੁ ਅਣਗੋਲੇ ਲੇਖਕ ਸਨ ਜਿਨ੍ਹਾਂ ਨੂੰ ਭਾਅ ਜੀ ਨੇ ਗੌਲਣਯੋਗ ਬਣਾਇਆ। ਸਾਇਕਲਾਂ ਨੂੰ ਪੰਚਰ ਲਾ ਕੇ ਜੂਨ ਗੁਜ਼ਾਰਾ ਕਰਨ ਵਾਲਾ ਅਣਗੋਲੇ ਧਰਾਤਲ 'ਤੇ ਪੈਦਾ ਹੋਇਆ ਲਾਲ ਸਿੰਘ ਦਿਲ ਵੀ ਭਾਅ ਜੀ ਦੀ ਬਦੌਲਤ ਹੀ ਇਨਕਲਾਬੀ ਕਾਵਿ ਜਗਤ ਦਾ ਧਰੂ ਤਾਰਾ ਬਣ ਸਕਿਆ।

ਉਸ ਤੋਂ ਬਾਅਦ ਮੇਰੀਆਂ ਦੋ ਹੋਰ ਪੁਸਤਕਾਂ ' ਟੁਟਦੇ ਬਣਦੇ ਰਿਸ਼ਤੇ' (ਕਹਾਣੀ ਸੰਗ੍ਰਿਹ) ਅਤੇ ਨਵੀਆਂ ਸੋਚਾਂ ਨਵੀਆਂ ਲੀਹਾਂ (ਨਾਵਲ) ਭਾਅ ਜੀ ਨੇ ਹਜ਼ਾਰ ਹਜ਼ਾਰ ਦੀ ਗਿਣਤੀ ਵਿਚ ਛਾਪੇ ਤੇ ਰਾਇਲਟੀ ਦੇ ਕੇ ਨਿਵਾਜਿਆ ਵੀ। ਮੈਂ ਫ਼ਖ਼ਰ ਨਾਲ ਕਹਿ ਸਕਦਾ ਹਾਂ ਕਿ ਜੇਕਰ ਭਾਅ ਜੀ ਮੇਰੀ ਬਾਂਹ ਨਾ ਫੜਦੇ ਤਾਂ ਸ਼ਾਇਦ ਮੇਰੀ ਰਚਨਾ ਨਾਲ ਨੱਥੀ ਹੋ ਕੇ ਆਈ ਪਰਚੀ ਹੀ ਮੇਰੇ ਜੀਵਨ ਦਾ ਅੰਗ ਬਣ ਗਈ ਹੁੰਦੀ।

ਜਿਨ੍ਹਾਂ ਦਿਨਾਂ ਵਿਚ ਭਾਅ ਜੀ ਨੇ ਸਟੇਜ ਸੰਭਾਲੀ ਨਾਟਕ ਨੂੰ ਖ਼ਾਸ ਮਹੱਤਤਾ ਨਹੀਂ ਸੀ ਦਿੱਤੀ ਜਾਂਦੀ। ਟਾਵੀਆਂ ਥਾਂਵਾਂ 'ਤੇ ਹੀ ਨਾਟਕ ਖੇਡੇ ਜਾਂਦੇ ਸਨ। ਲੋਕ ਆਪਣੀਆਂ ਲੜਕੀਆਂ ਨੂੰ ਜਾਂ ਬੀਵੀਆਂ ਨੂੰ ਇਸ ਕਿੱਤੇ ਨਾਲ ਜੋੜ ਕੇ ਰਾਜ਼ੀ ਨਹੀਂ ਸਨ। ਭਾਅ ਜੀ ਨੇ ਪਹਿਲਾਂ ਆਪਣੀ ਧਰਮ ਪਤਨੀ ਕੈਲਾਸ਼ ਕੌਰ ਜੀ ਨੂੰ ਤੇ ਫਿਰ ਆਪਣੀਆਂ ਦੋਹਾਂ ਬੇਟੀਆਂ ਨੂੰ ਰੰਗ ਮੰਚ ਨਾਲ ਜੋੜ ਕੇ ਇਸ ਜਮੂਦ ਨੂੰ ਵੀ ਤੋੜਿਆ।

ਭਾਅ ਜੀ ਆਪ ਦਸਦੇ ਹਨ ਕਿ ਉਨ੍ਹਾਂ ਦੇ ਪਿਤਾ ਜੀ ਸ੍ਰ. ਗਿਆਨ ਸਿੰਘ ਜੀ ਅੰਗਰੇਜ਼ ਫੌਜ ਵਿਚ ਡਾਕਟਰ ਸਨ। ਘਰ ਵਿਚ ਸਾਰੀਆਂ ਸੁਖ ਸਹੂਲਤਾਂ ਵਾਲਾ ਸਾਧਨ ਸੰਪੰਨ ਪਰਿਵਾਰ ਸੀ ਜਿਸ ਵਿਚ ਗੁਰਸ਼ਰਨ ਸਿੰਘ ਜਨਮੇ ਤੇ ਪ੍ਰਵਾਨ ਚੜ੍ਹੇ। ਵੱਡੇ ਭਾਈ ਸਾਹਿਬ ਸ੍ਰ. ਦਲਜੀਤ ਸਿੰਘ ਸਨ ਜਿਨ੍ਹਾਂ ਕੋਲ ਆਮ ਤੌਰ 'ਤੇ ਕਾਮਰੇਡ ਆਇਆ ਕਰਦੇ ਸਨ। ਲੋਕ ਕਾਵਿ ਦਾ ਰੰਗ ਸੂਖਮ ਭਾਵੀ ਵਿਦਿਆਰਥੀ ਜੀਵਨ ਨੇ ਅਪਣਾ ਲਿਆ ਤੇ ਫਿਰ ਭਾਖੜਾ ਡੈਮ 'ਤੇ ਇੰਜਨੀਅਰ ਦੇ ਤੌਰ 'ਤੇ ਸੇਵਾ ਕਰਦਿਆਂ ਇਕ ਅਜਿਹੀ ਗੱਲ ਹੋ ਗਈ ਕਿ ਰੰਗ ਮੰਚ ਅਪਣਾ ਲਿਆ। ਉਹ ਦਸਦੇ ਹਨ ਕਿ ਕੋਈ ਨਾਟਕ ਹੋਣਾ ਸੀ। ਮਜ਼ਦੂਰਾਂ ਨੇ ਸਟੇਜ ਵਗੈਰਾ ਬਣਾ ਦਿੱਤੀ। ਪੰਡਾਲ ਸਾਫ਼ ਕਰਕੇ ਸਜ਼ਾ ਦਿੱਤਾ ਪਰ ਵੱਡੇ ਅਫ਼ਸਰਾਂ ਨੇ ਉਨ੍ਹਾਂ ਨੂੰ ਨਾਟਕ ਵੇਖਣ ਦੀ ਇਜਾਜ਼ਤ ਨਾ ਦਿੱਤੀ। ਇਹ ਪ੍ਰੋਗਰਾਮ

ਕੇਵਲ ਅਫ਼ਸਰਾਂ ਤੇ ਉਨ੍ਹਾਂ ਦੇ ਪਰਵਾਰਾਂ ਦੇ ਮਨੋਰੰਜਨ ਲਈ ਸੀ। ਬਸ ਥੋੜ੍ਹੇ ਦਿਨਾਂ ਬਾਅਦ ਹੀ ਭਾਅ ਜੀ ਨੇ ਆਪ ਨਾਟਕ ਮੰਡਲੀ ਬਣਾਈ ਤੇ ਮਜ਼ਦੂਰਾਂ ਅਤੇ ਛੋਟੇ ਮੁਲਾਜ਼ਮਾਂ ਨੂੰ ਸੱਦਾ ਦੇ ਦਿੱਤਾ। ਕੋਈ ਅਫ਼ਸਰ ਨਾ ਸੱਦਿਆ।

ਨਹਿਰੀ ਮਹਿਕਮੇ ਦੇ ਉੱਚ ਅਹੁਦੇ 'ਤੇ ਹੁੰਦਿਆਂ ਵੀ ਉਨ੍ਹਾਂ ਨੇ ਇਕੋ ਇਕ ਨਿਸ਼ਾਨਾ ਸਨਮੁੱਖ ਰੱਖਿਆ-ਕਿਰਤੀ ਕਾਮਿਆਂ ਦੀ ਜ਼ਿੰਦਗੀ ਵਿਚ ਇਨਕਲਾਬ। ਸਟੇਜ ਉਪਰ ਅੱਜ ਵੀ ਜਦੋਂ ਕਿ ਉਹ ਸਟੇਜ ਤੱਕ ਜਾਣ ਜੋਗੇ ਵੀ ਨਹੀਂ ਰਹੇ, ਇਨਕਲਾਬ ਇਨਕਲਾਬ, ਤਬਦੀਲੀ, ਤਬਦੀਲੀ ਬੋਲਾਂ ਨੂੰ ਬੁਲੰਦ ਕਰਦੇ ਸੁਣੇ ਜਾ ਸਕਦੇ ਹਨ।

ਜਦੋਂ ਜਨਤਕ ਜਥੇਬੰਦੀਆਂ ਦੀ ਉਸਾਰੀ ਨੇ ਆਪਣੇ ਰੰਗ ਵਿਖਾਏ ਤਾਂ ਸਾਹਿਤਕਾਰਾਂ ਕਲਾਕਾਰਾਂ ਨੂੰ ਇਕ ਸੂਤਰ ਵਿਚ ਪਰੋਣ ਦੀ ਜ਼ਰੂਰਤ ਮਹਿਸੂਸ ਹੋਈ। ਕੁਝ ਤੱਤੇ ਲੋਕਾਂ ਨੇ ਉਦੋਂ ਕ੍ਰਾਂਤੀਕਾਰੀ ਲਿਖਾਰੀ ਸਭਾ ਵੀ ਸੰਗਠਿਤ ਕੀਤੀ ਜੋ ਬਹੁਤੇ ਸਾਰਥਕ ਸਿੱਟੇ ਨਾ ਕੱਢ ਸਕੀ। ਜਨਤਕ ਲਾਈਨ ਦੀ ਵਕਾਲਤ ਕਰਨ ਵਾਲੀ ਧਿਰ ਵੱਲੋਂ ਪੰਜਾਬ ਪੱਧਰ ਪੰਜਾਬੀ ਸਾਹਿਤ ਸੱਭਿਆਚਾਰ ਮੰਚ ਦੀ ਸਥਾਪਨਾ ਕੀਤੀ। ਸੁਰਿੰਦਰ ਹੇਮ ਜਯੋਤੀ ਦੁਆਰਾ ਚਲਾਏ ਜਾਂਦੇ ਪਰਚੇ ਹੇਮ ਜਯੋਤੀ ਨੂੰ ਇਸ ਘੇਰੇ ਵਿਚ ਲਿਆ ਕੇ ਪੂਰੇ ਪੰਜ ਸਾਲ ਐਮਰਜੰਸੀ ਦੇ ਕਾਲੇ ਦੌਰ ਤੱਕ ਸਾਹਿਤਕ ਪਿੜ ਪੂਰੀ ਤਰ੍ਹਾਂ ਮਘਾਈ ਰੱਖਿਆ ਸੀ। ਕਿਤੇ ਕਵੀ ਦਰਬਾਰ, ਕਿਤੇ ਕਹਾਣੀ, ਕਿਧਰੇ ਝੂਠੇ ਪੁਲਿਸ ਮੁਕਾਬਲਿਆਂ ਜਾਂ ਨਜਾਇਜ਼ ਗ੍ਰਿਫਤਾਰੀਆਂ ਵਿਰੁੱਧ ਵਿਸ਼ਾਲ ਮੁਜ਼ਾਹਰੇ-ਕੁੱਝ ਨਾ ਕੁੱਝ ਹੋਇਆ ਹੀ ਰਹਿੰਦਾ ਸੀ। ਉਨ੍ਹੀਂ ਦਿਨੀਂ ਗੁਰਸ਼ਰਨ ਸਿੰਘ ਭਾਅ ਜੀ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਨੂੰ ਪੰਜਾਬ ਦੇ ਚੱਪੇ ਚੱਪੇ 'ਤੇ ਲਿਜਾ ਕੇ ਹਰ ਸਭਾ ਸੰਸਥਾ ਵਿਚ ਰੂਹ ਫੂਕ ਰਹੇ ਸਨ ਤੇ ਨਾਲ ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ ਵੱਲੋਂ ਛਪਿਆ ਸਾਹਿਤ ਸਸਤੀਆਂ ਦਰਾਂ 'ਤੇ ਵੰਡ ਕੇ ਪਾਠਕਾਂ ਦਾ ਘੇਰਾ ਵਿਸ਼ਾਲ ਕਰਨ ਦਾ ਯਤਨ ਕਰਦੇ ਸਨ। ਘਰੇਲੂ ਲਾਇਬ੍ਰੇਰੀਆਂ ਸਥਾਪਤ ਕਰਨ ਦੇ ਇਤਿਹਾਸ ਵਿਚ ਭਾਅ ਜੀ ਦਾ ਮੋਢੀ ਨਾਂ ਹੈ।

ਉਨ੍ਹਾਂ ਦੇ ਦੱਸਣ ਅਨੁਸਾਰ ਕਿਸੇ ਸਮੇਂ ਲੋਕ ਨਾਇਕ ਦੀ ਭੂਮਿਕਾ ਅਦਾ ਕਰਨ ਵਾਲੇ ਨਾਟਕ ਕਰਮੀ ਤੋਂ ਫਿਲਮ ਕਲਾਕਾਰ ਬਣੇ ਬਲਰਾਜ ਸਾਹਨੀ ਉਨ੍ਹਾਂ ਨੂੰ ਪੰਜ ਹਜ਼ਾਰ ਰੁਪਏ ਦੇ ਗਏ ਸਨ। ਬਹੁਤ ਛੇਤੀ ਹੀ ਬਾਅਦ ਹੀ ਸਾਹਨੀ ਹੁਰਾਂ ਦਾ ਦਿਹਾਂਤ ਹੋ ਗਿਆ। ਭਾਅ ਜੀ ਨੇ ਇਹ ਰਕਮ ਉਨ੍ਹਾਂ ਦੀ ਪਤਨੀ ਸ੍ਰੀਮਤੀ ਸੰਤੋਸ਼ ਸਾਹਨੀ ਜੀ ਨੂੰ ਵਾਪਸ ਕਰਨੀ ਚਾਹੀ ਪਰ ਉਨ੍ਹਾਂ ਨੇ ਇਹ ਪੈਸੇ ਵਾਪਸ ਲੈਣ ਦੀ ਬਜਾਏ ਕਿਸੇ ਭਲੇ ਕੰਮ ਵਿਚ ਲਾਉਣ ਲਈ ਕਹਿ ਦਿੱਤਾ। ਇਸ ਪੂੰਜੀ ਦੇ ਨਾਲ ਭਾਅ ਜੀ ਬਲਰਾਜ ਸਾਹਨੀ ਯਾਦਗਾਰੀ ਘਰੇਲੂ ਪੁਸਤਕਾਲਾ ਅਧੀਨ ਪ੍ਰਕਾਸ਼ਨ ਆਰੰਭ ਦਿੱਤਾ ਜੋ ਅੱਜ ਇਨ੍ਹਾਂ ਸਤਰਾਂ ਦੇ ਲੇਖਕ ਅਤਰਜੀਤ ਨੂੰ ਭਾਅ ਜੀ ਨੇ ਸੌਂਪ ਦਿੱਤਾ ਹੈ। ਭਾਅ ਜੀ ਦੀ ਬਦੌਲਤ ਹੀ ਹੈ ਕਿ ਮੈਂ ਇਹ ਪ੍ਰਕਾਸ਼ਨ ਉਨ੍ਹਾਂ ਲੀਹਾਂ ਤੇ ਹੀ ਚਲਾ ਰਿਹਾ ਹਾਂ।

ਪੰਜਾਬ ਵਿਚ ਖਿੰਡੀਆਂ ਪੁੰਡੀਆਂ ਮੰਚ ਸਰਗਰਮੀਆਂ ਅਤੇ ਸੰਗੀਤ ਮੰਡਲੀਆਂ ਨੂੰ ਇਕ ਮੰਚ 'ਤੇ ਇਕੱਠਾ ਕਰਨ ਲਈ ਭਾਅ ਜੀ ਦੀ ਸਰਪ੍ਰਸਤੀ ਹੇਠ ਅੱਜ ਤੋਂ ਕੋਈ

ਤੀਹ ਸਾਲ ਪਹਿਲਾਂ ਪੰਜਾਬ ਲੋਕ ਸੱਭਿਆਚਾਰ ਮੰਚ ਦੀ ਸਥਾਪਨਾ ਕੀਤੀ ਗਈ। ਪੰਜਾਬ ਦੀਆਂ ਅਨੇਕਾਂ ਉੱਚ ਕੋਟੀ ਦੀਆਂ ਨਾਟਕ ਮੰਡਲੀਆਂ ਅਤੇ ਸੰਗੀਤ ਮੰਡਲੀਆਂ ਨੂੰ ਇਕ ਲੜੀ ਵਿਚ ਪਰੋ ਕੇ ਵੱਡੇ ਪ੍ਰੋਗਰਾਮ ਉਲੀਕੇ ਗਏ ਜਿਨ੍ਹਾਂ ਵਿਚੋਂ ਪਹਿਲੀ ਮਈ ਦਾ ਲੁਧਿਆਣਾ ਨਾਟਕ-ਸੰਗੀਤ ਮੇਲਾ ਅਤੇ 25 ਜਨਵਰੀ ਦਾ ਰਾਤ ਦਾ ਜਲੰਧਰ ਨਾਟਕ ਮੇਲਾ ਪੰਜਾਬ ਦੀ ਫਿਜ਼ਾ ਵਿਚ ਇਨਕਲਾਬੀ ਰੰਗ ਭਰਨ ਵਿਚ ਆਪਣੀ ਵਿਲੱਖਣ ਪਹਿਚਾਣ ਰਖਦੇ ਹਨ। ਇਥੇ ਹੀ ਨਹੀਂ-ਹੇਮ ਜਯੋਤੀ ਦੇ ਸੰਸਥਾਪਕ ਅਤੇ ਸੰਪਾਦਕ ਸੁਰੇਂਦਰ ਦੀ ਯਾਦ ਵਿਚ ਕਰਵਾਏ ਜਾਂਦੇ ਸਰਧਾਂਜਲੀ ਸਮਾਗਮ ਵੀ ਭਾਅ ਜੀ ਦੀ ਰਹਿਨੁਮਾਈ ਵਿਚ ਹੁੰਦੇ ਹਨ।

ਅੱਜ ਭਾਅ ਜੀ ਜਦੋਂ ਅੰਤਿਮ ਅਵਸਥਾ ਦੇ ਐਨ ਬੂਹੇ 'ਤੇ ਖੜੋਤੇ ਹਨ ਪੰਜਾਬ ਵਿਚ ਹਰ ਸਾਹਿਤਕ, ਸੱਭਿਆਚਾਰਕ ਗਤੀਵਿਧੀ ਵਿਚ ਉਨ੍ਹਾਂ ਦੀ ਛਤਰੀ ਤਣੀ ਮਿਲਦੀ ਹੈ। ਹਰ ਪ੍ਰੋਗਰਾਮ ਦੇ ਉਹ ਸਰਪ੍ਰਸਤ ਹੁੰਦੇ ਹਨ। ਕੁਝ ਸਾਲ ਪਹਿਲਾਂ ਜੁਝਾਰੂ ਜਨਤਕ ਜਥੇਬੰਦੀਆਂ ਨੇ ਇਕ ਥੜ੍ਹਾ ਸਥਾਪਤ ਕਰਕੇ ਭਾਅ ਜੀ ਨੂੰ ਸਲਾਮ ਪੁਰਸਕਾਰ ਭੇਂਟ ਕਰਕੇ ਉਨ੍ਹਾਂ ਦੀ ਮਹਾਨ ਘਾਲਣਾ ਦਾ ਮੁੱਲ ਤਾਰਨ ਦਾ ਉਪਰਾਲਾ ਕੀਤਾ। ਇਹ ਪੁਰਸਕਾਰ ਅਸਲ ਵਿਚ ਇਕ ਵਿਸ਼ਾਲ ਲਾਮਵੰਦੀ ਸੀ। ਪੰਜਾਬ ਦੇ ਖ਼ਾਸ ਕਰਕੇ ਮਾਲਵੇ ਦੇ ਕੋਣੇ ਕੋਣੇ ਵਿਚ ਇਕ ਲਹਿਰ ਪੈਦਾ ਕਰਕੇ ਇਹ ਸੁਨੇਹਾ ਪਹੁੰਚਾਇਆ ਗਿਆ ਕਿ ਗੁਰਸ਼ਰਨ ਸਿੰਘ ਨਾਟਕਕਾਰ ਇਸ ਵੇਲੇ ਇਨਕਲਾਬੀ ਸਾਹਿਤਕ ਸੱਭਿਆਚਾਰਕ ਲਹਿਰ ਦੇ ਹੀ ਸਿਰਤਾਜ ਨਹੀਂ ਹਨ, ਸਗੋਂ ਸਮੁੱਚੀ ਇਨਕਲਾਬੀ ਲਹਿਰ ਦੇ ਵੀ ਵੱਡੇ ਅਤੇ ਮਜ਼ਬੂਤ ਥੰਮ੍ਹ ਹਨ। ਪਿੰਡਾ ਸ਼ਹਿਰਾਂ ਵਿਚ ਥਾਂ ਪੁਰ ਥਾਂ ਨਾਟਕ ਮੰਡਲੀਆਂ ਲਿਜਾ ਕੇ ਤਕਰੀਰਾਂ ਕਰ ਕੇ ਭਾਅ ਜੀ ਦੇ ਵੱਡੀ ਪੱਧਰ 'ਤੇ ਕੀਤੇ ਜਾਣ ਵਾਲੇ ਸਨਮਾਨ ਲਈ ਵਿਲੱਖਣ ਕਿਸਮ ਦਾ ਇਨਕਲਾਬੀ ਮਾਹੌਲ ਸਿਰਜਿਆ ਗਿਆ। ਅਸੀਂ ਦਿਨ ਰਾਤ ਇਕ ਕਰਕੇ ਜਾਗੋਆਂ, ਮਿਸ਼ਾਲ ਮਾਰਚਾਂ, ਯਾਤਰਾਵਾਂ ਅਤੇ ਸਟੇਜ ਉਪਰ ਕੀਤੇ ਜਾਂਦੇ ਪ੍ਰੋਗਰਾਮਾਂ ਰਾਹੀਂ ਘਰਾਂ ਦੀਆਂ ਦਹਿਲੀਜ਼ਾਂ ਤੱਕ ਇਹ ਸੁਨੇਹਾ ਲਿਜਾਣ ਵਿਚ ਸਫ਼ਲ ਹੋਏ।

ਅੰਤ ਮਿਤੀ 11 ਜਨਵਰੀ 2006 ਨੂੰ ਪਿੰਡ ਵਿਖੇ ਚਾਲੀ ਪੰਜਾਹ ਹਜ਼ਾਰ ਲੋਕਾਂ ਨੇ ਪੰਜਾਬ ਦੀਆਂ ਜੁਝਾਰੂ, ਕਿਸਾਨਾਂ ਮਜ਼ਦੂਰ ਜਥੇਬੰਦੀਆਂ ਤੇ ਸਾਹਿਤਕਾਰਾਂ, ਨਾਟਕਕਾਰਾਂ, ਲੋਕ ਗਾਇਕਾਂ ਆਦਿ ਨੇ ਸਲਾਮ ਪੁਰਸਕਾਰ ਦੇ ਕੇ ਇਹ ਸਾਬਤ ਕਰ ਦਿੱਤਾ ਕਿ ਅਸਲ ਸਨਮਾਨ ਉਹ ਹੁੰਦੇ ਹਨ ਜੋ ਲੋਕਾਂ ਵੱਲੋਂ ਦਿੱਤੇ ਜਾਂਦੇ ਹਨ। ਸਰਕਾਰੀ ਧਨ ਨਾਲ ਅਫ਼ਸਰਸ਼ਾਹੀ ਜਾਂ ਹੁਕਮਰਾਨਾਂ ਵੱਲੋਂ ਦਿੱਤੇ ਜਾਂਦੇ ਵੱਡੇ ਪੁਰਸਕਾਰ ਵੱਡੇ ਨਹੀਂ ਹੁੰਦੇ। ਇਸ ਸਨਮਾਨ ਦੀ ਇਕ ਹੋਰ ਵਿਲੱਖਣਤਾ ਸੀ ਕਿ ਜਲੰਧਰ ਦੇਸ਼ ਭਗਤ ਯਾਦਗਾਰ ਟ੍ਰਸਟ ਦੇ ਖੁਲ੍ਹੇ ਥੜ੍ਹੇ 'ਤੇ ਪੰਜਾਬ ਭਰ ਦੇ ਆਗੂਆਂ ਨੇ ਗੁਰਸ਼ਰਨ ਸਿੰਘ ਸਨਮਾਨ ਕਮੇਟੀ ਦੀ ਸਥਾਪਨਾ ਕਰਕੇ ਜਿਸ ਤਰ੍ਹਾਂ ਮੁਹਿੰਮ ਲਾਮਵੰਦ ਕੀਤੀ, ਆਪਣੀ ਮਿਸਾਲ ਆਪ ਸੀ।

ਅਸੀਂ ਮਾਣ ਕਰ ਸਕਦੇ ਹਾਂ ਕਿ ਹਰੇਕ ਲੋਕ ਸਰਗਰਮੀ ਵਾਸਤੇ ਗੁਰਸ਼ਰਨ ਸਿੰਘ ਭਾਅ ਜੀ ਦੀ ਸਰਪ੍ਰਸਤੀ ਹਰ ਸਮੇਂ ਸਾਨੂੰ ਪ੍ਰਾਪਤ ਹੁੰਦੀ ਰਹੀ ਹੈ।

ਉੱਤਰੀ ਪੂਰਵੀ ਰਾਜਾਂ ਦੇ ਜੰਗਲਾਂ-ਪਹਾੜਾਂ ਨੂੰ ਭਾਰਤ ਸਰਕਾਰ ਸਾਮਰਾਜੀ ਤਾਕਤਾਂ ਖ਼ਾਸ ਕਰਕੇ ਅਮਰੀਕਨ ਸਾਮਰਾਜੀ ਪੁਸ਼ਤ ਪਨਾਹੀ ਵਿਚ ਕੰਮ ਕਰ ਰਹੀਆਂ ਵਿਸ਼ਵ ਵਪਾਰ ਸੰਸਥਾ, ਵਿਸ਼ਵ ਬੈਂਕ ਅਤੇ ਹੋਰ ਧੜਵੈਲ ਬਹੁ ਕੌਮੀ ਕੰਪਨੀਆਂ, ਕਾਰਪੋਰੇਸ਼ਨਾਂ ਆਦਿ ਨਾਲ ਕੀਤੇ ਘਾਤਕ ਸਮਝੌਤਿਆਂ ਅਧੀਨ ਦੇਸ਼ ਨੂੰ ਗਿਰਵੀ ਰੱਖਣ ਦੇ ਆਤਮਘਾਤੀ ਰਾਹ ਪਈ ਹੋਈ ਹੈ। ਸਦੀਆਂ ਤੋਂ ਜੰਗਲਾਂ ਪਹਾੜਾਂ ਵਿਚ ਆਪਣੀ ਹੀ ਜੀਵਨ ਸ਼ੈਲੀ ਮੁਤਾਬਿਕ ਜੀਵਨ ਬਸਰ ਕਰਦੇ ਆਦਿ ਵਾਸੀਆਂ ਨੂੰ ਇਸ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਜੰਗਲ ਅਤੇ ਰੱਬ ਵਾਂਗ ਪੂਜੇ ਜਾਂਦੇ ਪਹਾੜ ਆਦਿ ਵਾਸੀਆਂ ਤੋਂ ਝਪਟ ਕੇ ਕੰਪਨੀਆਂ ਅਤੇ ਕਾਰਪੋਰੇਸ਼ਨਾਂ ਨੂੰ ਦਿੱਤੇ ਜਾ ਰਹੇ ਹਨ ਅਤੇ ਸਰਕਾਰੀ ਸ਼ਹਿ ਪ੍ਰਾਪਤ ਸਲਵਾ ਜੁਡਮ ਵਰਗੀਆਂ ਖੂੰਖਾਰ, ਅਪਰਾਧੀ ਬਿਰਤੀ ਦੀਆਂ ਧਾੜਾਂ, ਆਦਿ ਵਾਸੀ ਪਿੰਡਾਂ 'ਤੇ ਚੜ੍ਹਾ ਕੇ, ਪਿੰਡਾਂ ਦਾ ਨਾਮੋਨਿਸ਼ਾਨ ਮਿਟਾਇਆ ਜਾ ਰਿਹਾ ਹੈ। ਇਥੇ ਵੀ ਵੱਸ ਨਹੀਂ, ਔਰਤਾਂ, ਬਹੂਆਂ-ਬੇਟੀਆਂ ਨੂੰ ਜਬਰਜਨਾਹ ਦਾ ਸ਼ਿਕਾਰ ਬਣਾ ਕੇ ਕਤਲ ਕੀਤਾ ਜਾ ਰਿਹਾ ਹੈ। ਕੇਂਦਰੀ ਸਰਕਾਰ ਅਤੇ ਸੂਬਾਈ ਸਰਕਾਰਾਂ ਇਕੋ ਜਿਹੀ ਬੋਲੀ ਬੋਲ ਰਹੀਆਂ ਹਨ ਅਤੇ ਆਦਿ ਵਾਸੀ ਲੋਕਾਂ ਨੂੰ ਖਦੇੜਨ ਲਈ ਆਪਰੇਸ਼ਨ ਗਰੀਨ ਹੰਟ ਜਿਹੇ ਨਾ ਮੁਰਾਦ ਕਾਰਿਆਂ ਦੇ ਰਾਹ ਪਈਆਂ ਹੋਈਆ। ਨਕਸਲਬਾੜੀ ਅਤੇ ਮਾਓਵਾਦ ਦਾ ਹਊਆ ਖੜ੍ਹਾ ਕਰ ਕੇ ਜਨ ਸਾਧਾਰਨ 'ਤੇ ਅਕਹਿ ਜ਼ੁਲਮ ਢਾਹਿਆ ਜਾ ਰਿਹਾ ਹੈ। ਇਸ ਨਿਰਦਈ ਕਾਰੇ ਦੇ ਵਿਰੋਧ ਵਿਚ ਪੰਜਾਬ ਦੇ ਲੇਖਕ, ਬੁੱਧੀਜੀਵੀ ਤੇ ਇਨਸਾਫਪਸੰਦ ਜਮੂਹਰੀ ਲੋਕ ਜਾਗੇ ਤਾਂ ਪੰਜਾਬ ਵਿਚ ਆਪਰੇਸ਼ਨ ਗਰੀਨ ਹੰਟ ਵਿਰੋਧੀ ਜਮੂਹਰੀ ਫਰੰਟ ਦੀ ਸਥਾਪਨਾ ਕੀਤੀ ਗਈ ਤਾਂ ਵੀਲ-ਚੇਅਰ ਉਪਰ ਬੈਠਿਆਂ ਇਸ ਦਾ ਝੰਡਾ ਵੀ ਗੁਰਸ਼ਰਨ ਸਿੰਘ ਭਾਅ ਜੀ ਨੇ ਥੰਮ੍ਹਿਆ। ਭਾਅ ਜੀ ਜਦ ਸਟੇਜ ਤੋਂ ਬਰਾਬਰੀ ਬਰਾਬਰੀ ਪੁਕਾਰਦੇ ਹਨ ਤਾਂ ਸੱਚ ਮੁੱਚ ਹੀ ਇਉਂ ਜਾਪਣ ਲਗਦਾ ਹੈ ਜਿਵੇਂ ਉਨ੍ਹਾਂ ਦਾ ਰੋਮ ਰੋਮ ਨਾ-ਬਰਾਬਰੀ ਦੇ ਇਸ ਜ਼ਾਲਮ ਪ੍ਰਬੰਧ ਨੂੰ ਚੁਣੌਤੀ ਦਿੰਦਾ ਲਟ ਲਟ ਬਲ ਰਿਹਾ ਹੋਵੇ।

ਅਸਲ ਲੇਖਕ ਅਤੇ ਕਲਾਕਾਰ ਦੀ ਪਛਾਣ ਦਾ ਇਹ ਪ੍ਰਮਾਣਤ ਪੈਮਾਨਾ ਹੈ ਕਿ ਉਹ ਆਪਣੀ ਕਲਮ ਅਤੇ ਅਕਲ ਨੂੰ ਲੋਕ ਸੰਘਰਸ਼ਾਂ ਦੇ ਕਿੰਨਾ ਲੇਖੇ ਲਾਉਂਦਾ ਹੈ। ਪੰਜਾਬ ਦੇ ਨੌਜਵਾਨਾ ਦੀ ਇਕ ਪੂਰੀ ਪੀੜ੍ਹੀ ਨੂੰ ਉਨ੍ਹਾਂ ਨੇ ਇਸ ਪਾਸੇ ਪ੍ਰੇਰਿਤ ਕੀਤਾ। ਅੱਜ ਉਹ ਵਿਅਕਤੀ ਨਹੀ ਰਹੇ, ਲੋਕ ਨਾਇਕ ਹੋ ਗਏ ਹਨ।